# ਕੈਨੇਡਾ ਵਿੱਚ ਪੀੜਤਾਂ ਦੇ ਅਧਿਕਾਰ

## ਰੇਸਟੀਟਿਊਸ਼ਨ ਆਰਡਰ

### ਰੇਸਟੀਟਿਊਸ਼ਨ ਆਰਡਰ ਕੀ ਹੁੰਦਾ ਹੈ?

ਨੁਕਸਾਨ ਦੀ ਭਰਪਾਈ ਦੇ ਆਦੇਸ਼ (restitution order) ਵਿਚ ਅਪਰਾਧੀ ਨੂੰ, ਅਪਰਾਧੀ ਦੇ ਅਪਰਾਧ ਕਾਰਨ ਪੀੜਤ ਨੂੰ ਹੋਏ ਵਿੱਤੀ ਨੁਕਸਾਨ ਲਈ ਪੀੜਤ ਨੂੰ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ। ਅਪਰਾਧੀ ਨੂੰ ਸਜ਼ਾ ਸੁਣਾਏ ਜਾਣ ਤੱਕ ਦੇ ਨੁਕਸਾਨ ਲਈ ਹੀ ਨੁਕਸਾਨ ਦੀ ਭਰਪਾਈ ਦਾ ਆਦੇਸ਼ ਦਿੱਤਾ ਜਾ ਸਕਦਾ ਹੈ। ਇਹ ਅਪਰਾਧੀ ਦੀ ਸਜ਼ਾ ਦਾ ਹਿੱਸਾ ਹੈ ਅਤੇ ਇਹ ਇਕੱਲੇ ਆਦੇਸ਼ ਜਾਂ ਪ੍ਰੋਬੇਸ਼ਨ ਆਰਡਰ ਜਾਂ ਸ਼ਰਤਾਂ ਵਾਲੀ (conditional) ਸਜ਼ਾ ਦਾ ਹਿੱਸਾ ਹੋ ਸਕਦਾ ਹੈ।

### ਪੀੜਤ ਦਾ ਹੱਕ!

*ਕਨੇਡੀਅਨ ਵਿਕਟਿਮਸ ਬਿੱਲ ਆਫ ਰਾਈਟਸ* 23 ਜੁਲਾਈ 2015 ਨੂੰ ਲਾਗੂ ਹੋਇਆ ਸੀ। ਇਹ ਐਕਟ ਹਰ ਪੀੜਤ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਅਦਾਲਤ ਅਪਰਾਧੀ ਦੀ ਸਜ਼ਾ ਦਾ ਫੈਸਲਾ ਕਰਦੇ ਸਮੇਂ ਨੁਕਸਾਨ ਦੀ ਭਰਪਾਈ ਦਾ ਆਦੇਸ਼ ਦੇਣ ਬਾਰੇ ਵਿਚਾਰ ਕਰੇ। ਜੇ ਅਪਰਾਧੀ ਨੁਕਸਾਨ ਦੀ ਭਰਪਾਈ ਦੇ ਆਦੇਸ਼ ਦਾ ਭੁਗਤਾਨ ਨਹੀਂ ਕਰਦਾ, ਤਾਂ ਪੀੜਤ ਨੂੰ ਇਹ ਅਧਿਕਾਰ ਵੀ ਹੈ ਕਿ ਉਹ ਨੁਕਸਾਨ ਦੀ ਭਰਪਾਈ ਦੇ ਆਦੇਸ਼ ਨੂੰ ਸਿਵਲ ਅਦਾਲਤ ਵਿੱਚ ਦਰਜ ਕਰਵਾਏ ਅਤੇ ਉਸ ਅਦਾਲਤ ਦੇ ਰਾਹੀਂ ਇੱਕ ਫੈਸਲੇ ਦੇ ਰੂਪ ਵਿੱਚ ਉਸਨੂੰ ਲਾਗੂ ਕਰਨ ਦੀ ਮੰਗ ਕਰੇ।

### ਉਹ ਖਰਚੇ ਜਿਹੜੇ ਰੇਸਟੀਟਿਊਸ਼ਨ ਕਵਰ ਕਰ ਸਕਦੀ ਹੈ

ਨੁਕਸਾਨ ਦੀ ਭਰਪਾਈ ਦੀਆਂ ਰਕਮਾਂ ਦੀ ਗਣਨਾ ਕਰਨਾ ਅਸਾਨ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਸੰਬੰਧੀ ਕੋਈ ਵੱਡਾ ਵਿਵਾਦ ਨਹੀਂ ਹੋਣਾ ਚਾਹੀਦਾ। ਉਦਾਹਰਣ ਦੇ ਲਈ, ਹਮਲੇ ਦੇ ਕਾਰਨ ਲਗੀਆਂ ਸੱਟਾਂ ਦੇ ਕਰਕੇ ਦੋ ਹਫਤਿਆਂ ਦੀ ਗੁਆਈ ਗਈ ਤਨਖਾਹ, ਪੇ ਸਟੱਬਾਂ ਅਤੇ ਗੈਰਹਾਜ਼ਰੀ ਫਾਰਮ (ਕੰਮ ਤੋਂ) ਨਾਲ ਸਾਬਤ ਕੀਤੀ ਜਾ ਸਕਦੀ ਹੈ। ਚੋਰੀ ਹੋਏ ਜਾਂ ਤੋੜ ਫੋੜ ਕੀਤੇ ਗਏ ਸਾਮਾਨਾਂ ਦੇ ਬਦਲਣ ਦੇ ਖਰਚਿਆਂ ਨੂੰ ਸਟੋਰ ਰਸੀਦਾਂ ਜਾਂ ਵਸਤੂਆਂ ਦੇ ਬਦਲਣ ਦੇ ਅਨੁਮਾਨਾਂ ਨਾਲ ਸਾਬਤ ਕੀਤਾ ਜਾ ਸਕਦਾ ਹੈ।

ਜੱਜ ਪੀੜਤ ਦੇ ਇੰਨ੍ਹਾਂ ਨਾਲ ਸੰਬੰਧਤ ਵਿੱਤੀ ਨੁਕਸਾਨਾਂ ਨੂੰ ਪੂਰਾ ਕਰਨ ਲਈ ਨੁਕਸਾਨ ਦੀ ਭਰਪਾਈ ਦਾ ਆਦੇਸ਼ ਦੇ ਸਕਦਾ ਹੈ:

- ਅਪਰਾਧ ਦੇ ਕਾਰਨ ਖਰਾਬ ਹੋਈ ਜਾਂ ਗੁਆਚੀ ਸੰਪਤੀ;
- ਆਮਦਨੀ ਜਾਂ ਸਹਾਇਤਾ ਦੇ ਨੁਕਸਾਨ ਸਮੇਤ ਅਪਰਾਧ ਕਾਰਨ ਸਰੀਰਕ ਸੱਟ ਜਾਂ ਮਨੋਵਿਗਿਆਨਕ ਨੁਕਸਾਨ;
- ਅਪਰਾਧੀ ਵਲੋਂ ਨੁਕਸਾਨ ਜਾਂ ਨੁਕਸਾਨ ਦੀ ਧਮਕੀ ਦੇ ਕਾਰਨ ਅਪਰਾਧੀ ਦੇ ਘਰ ਤੋਂ ਬਾਹਰ ਚਲੇ ਜਾਣ ਕਾਰਨ ਜੀਵਨ ਸਾਥੀ, ਕਾਮਨ-ਲਾਅ ਪਾਰਟਨਰ, ਬੱਚੇ ਜਾਂ ਹੋਰ ਵਿਅਕਤੀ ਦੀ ਅਸਥਾਈ ਰਿਹਾਇਸ਼, ਮੂਵਿੰਗ, ਭੋਜਨ, ਚਾਈਲਡਕੇਅਰ ਅਤੇ ਆਵਾਜਾਈ ਲਈ ਵਾਜਬ ਖਰਚੇ;
- ਪਛਾਣ ਦੀ ਚੋਰੀ ਜਾਂ ਧੋਖਾਧੜੀ ਦੇ ਕਾਰਨ ਪੀੜਤ ਦੀ ਪਛਾਣ ਨੂੰ ਮੁੜ ਸਥਾਪਿਤ ਕਰਨਾ ਜਾਂ ਕ੍ਰੈਡਿਟ ਹਿਸਟਰੀ ਜਾਂ ਕ੍ਰੈਡਿਟ ਰੇਟਿੰਗ ਨੂੰ ਠੀਕ ਕਰਨਾ;
- ਉਹ ਲਾਗਤਾਂ ਜਿਹੜੀਆਂ ਕਿਸੇ ਨਿੱਜੀ ਤਸਵੀਰ ਦੇ ਗੈਰ-ਸਹਿਮਤੀ ਨਾਲ ਪ੍ਰਕਾਸ਼ਤ ਹੋਣ ਦੇ ਸ਼ਿਕਾਰ ਲੋਕਾਂ ਨੂੰ ਉਸ ਤਸਵੀਰ ਨੂੰ ਇੰਟਰਨੈਟ ਜਾਂ ਹੋਰ ਡਿਜੀਟਲ ਨੈੱਟਵਰਕਾਂ ਤੋਂ ਹਟਾਉਣ ਲਈ ਅਦਾ ਕਰਨੀਆਂ ਪੈਂਦੀਆਂ ਸਨ।

ਦਰਦ ਅਤੇ ਤਕਲੀਫ਼, ਭਾਵਾਤਮਕ ਪ੍ਰੇਸ਼ਾਨੀ, ਜਾਂ ਹੋਰ ਕਿਸਮ ਦੇ ਨੁਕਸਾਨਾਂ, ਜਿੰਨ੍ਹਾਂ ਦਾ ਮੁਲਾਂਕਣ ਕੇਵਲ ਸਿਵਲ ਅਦਾਲਤਾਂ ਵਿੱਚ ਕੀਤਾ ਜਾ ਸਕਦਾ ਹੈ, ਲਈ ਨੁਕਸਾਨ ਦੀ ਭਰਪਾਈ ਦਾ ਆਦੇਸ਼ ਨਹੀਂ ਦਿੱਤਾ ਜਾ ਸਕਦਾ।




Government of Canada Gouvernement du Canada

Canada

## ਰੇਸਟੀਟਿਊਸ਼ਨ ਆਰਡਰ ਦਾ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ?

ਅਦਾਲਤ ਅਪਰਾਧੀ ਨੂੰ ਨੁਕਸਾਨ ਦੀ ਭਰਪਾਈ ਦਾ ਭੁਗਤਾਨ ਸਿੱਧਾ ਪੀੜਤ ਨੂੰ ਜਾਂ ਇਸ ਮੰਤਵ ਲਈ ਬਣਾਈ ਗਈ ਜਨਤਕ ਅਥਾਰਟੀ ਨੂੰ ਦੇਣ ਦਾ ਆਦੇਸ਼ ਦੇ ਸਕਦੀ ਹੈ। ਅਦਾਲਤ ਅਪਰਾਧੀ ਨੂੰ ਨੁਕਸਾਨ ਦੀ ਭਰਪਾਈ ਦੀ ਰਕਮ ਦਾ ਭੁਗਤਾਨ ਤੁਰੰਤ, ਆਦੇਸ਼ ਵਿੱਚ ਨਿਰਧਾਰਤ ਦਿਨ ਤੱਕ, ਜਾਂ ਭੁਗਤਾਨ ਯੋਜਨਾ ਦੇ ਹਿੱਸੇ ਵਜੋਂ ਕਰਨ ਦਾ ਆਦੇਸ਼ ਦੇ ਸਕਦੀ ਹੈ। ਅਦਾਲਤ ਇੱਕ ਤੋਂ ਵੱਧ ਪੀੜਤਾਂ ਨੂੰ ਨੁਕਸਾਨ ਦੀ ਭਰਪਾਈ ਕੀਤੇ ਜਾਣ ਦਾ ਆਦੇਸ਼ ਵੀ ਦੇ ਸਕਦੀ ਹੈ ਅਤੇ ਆਦੇਸ਼ਾਂ ਵਿੱਚ ਪੀੜਤਾਂ ਲਈ ਤਰਜੀਹ ਨਿਰਧਾਰਤ ਕਰ ਸਕਦੀ ਹੈ।

ਜੇ ਕੋਈ ਅਪਰਾਧੀ ਅਦਾਲਤੀ ਆਦੇਸ਼ ਵਿੱਚ ਨਿਰਧਾਰਤ ਦਿਨ ਤੱਕ, ਨੁਕਸਾਨ ਦੀ ਭਰਪਾਈ ਦੇ ਆਦੇਸ਼ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ ਜਾਂ ਜੇ ਅਪਰਾਧੀ ਭੁਗਤਾਨ ਯੋਜਨਾ ਦੀ ਪਾਲਣਾ ਨਹੀਂ ਕਰਦਾ, ਤਾਂ ਪੀੜਤ ਸਿਵਲ ਅਦਾਲਤ ਵਿੱਚ ਆਦੇਸ਼ ਫਾਈਲ ਕਰ ਸਕਦਾ ਹੈ ਅਤੇ ਅਦਾਇਗੀ ਨਾ ਕੀਤੀ ਗਈ ਰਕਮ ਪ੍ਰਾਪਤ ਕਰਨ ਲਈ ਸਿਵਲ ਇਨਫੋਰਸਮੈਂਟ ਵਿਧੀਆਂ ਦੀ ਵਰਤੋਂ ਕਰ ਸਕਦਾ ਹੈ। ਕੁਝ ਸੂਬਾਈ ਅਤੇ ਖੇਤਰੀ ਵਿਕਟਿਮ ਸਰਵਿਸਿਜ਼ ਸੇਵਾਵਾਂ ਪੀੜਤਾਂ ਨੂੰ ਭੁਗਤਾਨ ਨਾ ਕੀਤੇ ਗਏ ਨੁਕਸਾਨ ਦੀ ਭਰਪਾਈ ਦੇ ਆਦੇਸ਼ ਪ੍ਰਾਪਤ ਕਰਨ ਵਿੱਚ ਸਹਾਇਤਾ ਦੀ ਪੇਸ਼ਕਸ਼ ਕਰਦੀਆਂ ਹਨ।

## ਵਿੱਤੀ ਨੁਕਸਾਨਾਂ ਦਾ ਪ੍ਰਲੇਖਨ (documentation)

ਪੀੜਤਾਂ ਲਈ ਅਪਰਾਧ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਆਪਣੇ ਵਿੱਤੀ ਨੁਕਸਾਨਾਂ ਦਾ ਪ੍ਰਲੇਖਨ ਸ਼ੁਰੂ ਕਰਨਾ ਇੱਕ ਚੰਗਾ ਵਿਚਾਰ ਹੈ। ਇਹ, ਇਸਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕਰੇਗਾ ਕਿ ਜਦੋਂ ਅਪਰਾਧੀ ਨੂੰ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਹ ਆਪਣੇ ਨੁਕਸਾਨਾਂ ਦੀ ਰਿਪੋਰਟ ਦੇਣ ਲਈ ਤਿਆਰ ਹਨ। ਕੁਝ ਦਸਤਾਵੇਜ਼ ਜੋ ਮਦਦਗਾਰ ਹਨ ਉਹਨਾਂ ਵਿੱਚ ਸ਼ਾਮਲ ਹਨ:

- ਗੁੰਮ ਜਾਂ ਖਰਾਬ ਹੋਈਆਂ ਵਸਤੂਆਂ ਲਈ ਰਸੀਦਾਂ;
- ਬਿਲ;
- ਪੇ ਸਟੱਬ ਜਿਹੜੇ ਗੁਆਈ ਗਈ ਤਨਖਾਹ ਦਾ ਦਸਤਾਵੇਜ਼ ਹਨ;
- ਕੰਮ ਤੋਂ ਗੈਰਹਾਜ਼ਰੀ ਦੇ ਫਾਰਮ ਜਿਹੜੇ ਗੁਆਈ ਗਈ ਤਨਖਾਹ ਦਾ ਦਸਤਾਵੇਜ਼ ਹਨ;
- ਮੁਰੰਮਤ ਜਾਂ ਬਦਲਣ ਦੀ ਲਾਗਤ ਲਈ ਬਿਲ;
- ਬਦਲਣ ਵਾਲੀਆਂ ਵਸਤੂਆਂ ਲਈ ਅਨੁਮਾਨ (ਉਦਾਹਰਣ ਵਜੋਂ, ਚੋਰੀ ਜਾਂ ਖਰਾਬ ਹੋਈਆਂ ਵਸਤੂਆਂ ਜਿਨ੍ਹਾਂ ਨੂੰ ਬਦਲਣ ਜਾਂ ਮੁਰੰਮਤ ਦੀ ਲੋੜ ਸੀ); ਜਾਂ
- ਕੋਈ ਹੋਰ ਦਸਤਾਵੇਜ਼ ਜੋ ਅਪਰਾਧ ਦੇ ਕਾਰਨ ਵਿੱਤੀ ਨੁਕਸਾਨ ਦਰਸਾਉਂਦੇ ਹਨ

ਪੀੜਤ ਆਪਣੇ ਵਿੱਤੀ ਨੁਕਸਾਨਾਂ ਦੇ ਲਿਖਤੀ ਪ੍ਰਮਾਣ ਤਿਆਰ ਕਰਨ ਵਿੱਚ ਸਹਾਇਤਾ ਲਈ ਫਾਰਮ 34.1 (ਸਟੇਟਮੈਂਟ ਔਨ ਰੇਸਟੀਟਿਊਸ਼ਨ) ਦੀ ਵਰਤੋਂ ਕਰ ਸਕਦੇ ਹਨ।

## ਹੋਰ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ, ਅਪਰਾਧ ਦਾ ਸ਼ਿਕਾਰ ਹੋਇਆ ਹੈ, ਤਾਂ ਮਦਦ ਉਪਲਬਧ ਹੈ। ਸਾਰੇ ਸੂਬੇ ਅਤੇ ਪ੍ਰਦੇਸ਼ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਪੇਸ਼ ਕਰਦੇ ਹਨ। ਜੇ ਤੁਹਾਨੂੰ ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਤੁਹਾਡੀ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਤੁਹਾਡੇ ਨੇੜੇ ਪੀੜਤ ਸੇਵਾਵਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

**http://www.justice.gc.ca/eng/cj-jp/victims-victimes/vsd-rsv/index.html**

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਣੀ, ਜਿਹਨਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਦੁਆਰਾ ਨੁਮਾਇੰਦਗੀ ਕੀਤੀ ਗਈ, 2015

ISBN 978-0-660-44810-7
Cat. No. J2-412/9-2023Pan-PDF